Original Article
ISSN (Online): 2582-7472

ShodhKosh: Journal of Visual and Performing Arts
March 2024 5(3), 1978–1982

# A STUDY OF SHIV KUMAR'S POETIC LANGUAGE: IN THE CONTEXT OF RUSSIAN FORMALISM

# ਸ਼ਿਵ ਕੁਮਾਰ ਦੀ ਕਾਵਿ-ਭਾਸ਼ਾ ਦਾ ਅਧਿਐਨ : ਰੂਸੀ ਰੂਪਵਾਦ ਦੇ ਸੰਦਰਭ ਵਿਚ

Harbans Singh [1]

[1] Professor Department of Punjabi, Sri Guru Tegh Bahadur Khalsa College, University of Delhi-110007, India

## ABSTRACT

**English:** Shiv Kumar is a poet who has made a distinct identity in Punjabi poetry due to his poetic creation. His poetry is a delight to every heart. His poetic creation goes beyond the popular metaphors, images and symbols. He focuses on real simplicity and naturalness, which makes his poetry interesting. Shiv's poetry is a depiction of his personal experience. This experience, starting from the personal, becomes universally shared. Shiv is a lyrical poet. His poetry is adorned with longing. Because of this longing-filled poetry, he is called the Sultan of Longing. The melody of life begins with sadness, disappointment, pain, longing and mourning. When a child is born, its first sound is faint. But along with this, hope, joy, love and happiness also bloom in life. This Sultan of Birha poet also begins his poetic journey with pain. Shiva's first collection of poetry, Peedan Da Paraga, was published in 1960. Due to this poetic tone of his, it is said that he is not an intellectual poet, he is a pessimist. However-
Shiva is primarily a poet of longing, of separation, of pain and suffering, of youth, of mystery and romance and of women. He calls himself a poet of intense passion. He writes (my detractors) I do not want to be Keats or Shelley or Shah Hussain. I want to be Shiva and only Shiva. And in reality Shiva is Shiva.

**Hindi:** ਸ਼ਿਵ ਕੁਮਾਰ ਪੰਜਾਬੀ ਕਵਿਤਾ ਵਿਚ ਆਪਣੀ ਕਾਵਿ ਸਿਰਜਣਾ ਕਾਰਨ ਵੱਖਰੀ ਪਛਾਣ ਬਣਾਉਣ ਵਾਲਾ ਸ਼ਾਇਰ ਹੈ। ਉਸ ਦੀ ਕਵਿਤਾ ਹਰ ਦਿਲ ਨੂੰ ਧੂਹ ਪਾਉਣ ਵਾਲੀ ਹੈ। ਉਸ ਦੀ ਕਾਵਿ ਸਿਰਜਣਾ ਪ੍ਰਚੱਲਿਤ ਅਲੰਕਾਰ, ਬਿੰਬ ਅਤੇ ਪ੍ਰਤੀਕਾਂ ਤੋਂ ਪਾਰ ਜਾਂਦੀ ਹੈ। ਉਹ ਯਥਾਰਥ ਸਰਲਤਾ ਅਤੇ ਸੁਭਾਵਿਕਤਾ ਵਿਚ ਟਿਕਾਉਂਦਾ ਹੈ, ਜੋ ਉਸ ਦੀ ਕਵਿਤਾ ਨੂੰ ਦਿਲਕਸ਼ ਬਣਾਉਂਦਾ ਹੈ। ਸ਼ਿਵ ਦੀ ਕਵਿਤਾ ਉਸ ਦੇ ਨਿੱਜੀ ਅਨੁਭਵ ਦਾ ਚਿਤਰਨ ਹੈ। ਇਹ ਅਨੁਭਵ ਨਿੱਜ ਤੋਂ ਚੱਲ ਕੇ ਸਰਵ-ਸਾਂਝਾ ਬਣ ਜਾਂਦਾ ਹੈ। ਸ਼ਿਵ ਇਕ ਪ੍ਰਗੀਤਕ ਕਵੀ ਹੈ। ਉਸ ਦੀ ਕਵਿਤਾ ਬਿਰਹਾ ਨਾਲ ਸਜੀ ਹੋਈ ਹੈ। ਇਸ ਬਿਰਹਾ ਗੜੁਚੀ ਕਵਿਤਾ ਕਾਰਨ ਹੀ ਉਸ ਨੂੰ ਬਿਰਹਾ ਦਾ ਸੁਲਤਾਨ ਕਿਹਾ ਜਾਂਦਾ ਹੈ। ਜ਼ਿੰਦਗੀ ਦਾ ਰਾਗ ਸ਼ੁਰੂ ਹੀ ਗ਼ਮ, ਨਿਰਾਸ਼ਾ, ਪੀੜ, ਹਿਜਰ ਅਤੇ ਸੋਗ ਤੋਂ ਹੁੰਦਾ ਹੈ। ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਉਸ ਦੀ ਪਹਿਲੀ ਆਵਾਜ਼ ਵਿਲਕਣੀ ਹੁੰਦੀ ਹੈ। ਪਰ ਇਸ ਦੇ ਨਾਲ ਆਸਾ, ਹੁਲਾਸ, ਪਿਆਰ ਅਤੇ ਖ਼ੁਸ਼ੀਆਂ ਖੇੜੇ ਵੀ ਜ਼ਿੰਦਗੀ ਵਿਚ ਪਲਮਦੇ ਹਨ। ਬਿਰਹਾ ਦਾ ਇਹ ਸੁਲਤਾਨ ਸ਼ਾਇਰ ਵੀ ਆਪਣਾ ਕਾਵਿ ਸਫ਼ਰ ਪੀੜ ਤੋਂ ਸ਼ੁਰੂ ਕਰਦਾ ਹੈ। ਸ਼ਿਵ ਦਾ ਪਹਿਲਾ ਕਾਵਿ ਸੰਗ੍ਰਹਿ ਪੀੜਾਂ ਦਾ ਪਰਾਗਾ 1960 ਵਿਚ ਆਉਂਦਾ ਹੈ। ਉਸ ਦੀ ਇਸ ਕਾਵਿ ਧੁਨੀ ਕਾਰਨ ਉਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਇਕ ਬੌਧਿਕ ਕਵੀ ਨਹੀ ਹੈ ਉਹ ਨਿਰਾਸ਼ਾਵਾਦੀ ਹੈ। ਪਰੰਤੂ-
ਸ਼ਿਵ ਮੁੱਖ ਤੌਰ 'ਤੇ ਬਿਰਹਾ ਦਾ, ਵਿਯੋਗ ਦਾ, ਦਰਦ ਪੀੜਾਂ ਦਾ, ਰੂਪ ਜਵਾਨੀ ਦਾ, ਰਹੱਸ ਤੇ ਰੁਮਾਂਸ ਦਾ ਅਤੇ ਇਸਤਰੀ ਦੇ ਪੱਖ ਪੂਰਨ ਵਾਲਾ ਕਵੀ ਹੈ ਉਹ ਆਪਣੇ ਆਪ ਨੂੰ ਤੀਬਰ ਭਾਵੀ ਕਵੀ ਕਹਿੰਦਾ ਹੈ ਉਹ ਲਿਖਦਾ (ਮੇਰੇ ਨਿੰਦਕ) ਹੈ ਮੈਂ ਕੀਟਸ ਜਾਂ ਸ਼ੈਲੇ ਜਾਂ ਸ਼ਾਹ ਹੁਸੈਨ ਨਹੀਂ ਬਣਨਾ ਚਾਹੁੰਦਾ। ਮੈਂ ਤਾਂ ਸ਼ਿਵ ਅਤੇ ਕੇਵਲ ਸ਼ਿਵ ਬਣਨਾ ਚਾਹੁੰਦਾ ਹਾਂ। ਤੇ ਵਾਸਤਵ ਵਿਚ ਸ਼ਿਵ ਹੈ ਵੀ ਸ਼ਿਵ ਹੀ।1

**DOI**
10.29121/shodhkosh.v5.i3.2024.5984

**Funding:** This research received no specific grant from any funding agency in the public, commercial, or not-for-profit sectors.

**Copyright:** © 2024 The Author(s). This work is licensed under a Creative Commons Attribution 4.0 International License.

With the license CC-BY, authors retain the copyright, allowing anyone to download, reuse, re-print, modify, distribute, and/or copy their contribution. The work must be properly attributed to its author.

**How to cite this article (APA):** Singh, H. (2024). A Study of Shiv Kumar's Poetic Language: in The Context of Russian Formalism. *ShodhKosh: Journal of Visual and Performing Arts, 5*(3), 1978–1982. doi: 10.29121/shodhkosh.v5.i3.2024.5984

## 1. प्रस्तावना

ਸ਼ਿਵ ਕੁਮਾਰ ਪੰਜਾਬੀ ਕਵਿਤਾ ਵਿਚ ਆਪਣੀ ਕਾਵਿ ਸਿਰਜਣਾ ਕਾਰਨ ਵੱਖਰੀ ਪਛਾਣ ਬਣਾਉਣ ਵਾਲਾ ਸ਼ਾਇਰ ਹੈ। ਉਸ ਦੀ ਕਵਿਤਾ ਹਰ ਦਿਲ ਨੂੰ ਧੂਹ ਪਾਉਣ ਵਾਲੀ ਹੈ। ਉਸ ਦੀ ਕਾਵਿ ਸਿਰਜਣਾ ਪ੍ਰਚੱਲਿਤ ਅਲੰਕਾਰ, ਬਿੰਬ ਅਤੇ ਪ੍ਰਤੀਕਾਂ ਤੋਂ ਪਾਰ ਜਾਂਦੀ ਹੈ। ਉਹ ਯਥਾਰਥ ਸਰਲਤਾ ਅਤੇ ਸੁਭਾਵਿਕਤਾ ਵਿਚ ਟਿਕਾਉਂਦਾ ਹੈ, ਜੋ ਉਸ ਦੀ ਕਵਿਤਾ ਨੂੰ ਦਿਲਕਸ਼ ਬਣਾਉਂਦਾ ਹੈ। ਸ਼ਿਵ ਦੀ ਕਵਿਤਾ ਉਸ ਦੇ ਨਿੱਜੀ ਅਨੁਭਵ ਦਾ ਚਿਤਰਨ ਹੈ। ਇਹ ਅਨੁਭਵ ਨਿੱਜ ਤੋਂ ਚੱਲ ਕੇ ਸਰਵ-ਸਾਂਝਾ ਬਣ ਜਾਂਦਾ ਹੈ। ਸ਼ਿਵ ਇਕ ਪ੍ਰਗੀਤਕ ਕਵੀ ਹੈ। ਉਸ ਦੀ ਕਵਿਤਾ ਬਿਰਹਾ ਨਾਲ ਸਜੀ ਹੋਈ ਹੈ। ਇਸ ਬਿਰਹਾ ਗੜ੍ਹਚੀ ਕਵਿਤਾ ਕਾਰਨ ਹੀ ਉਸ ਨੂੰ ਬਿਰਹਾ ਦਾ ਸੁਲਤਾਨ ਕਿਹਾ ਜਾਂਦਾ ਹੈ। ਜ਼ਿੰਦਗੀ ਦਾ ਰਾਗ ਸ਼ੁਰੂ ਹੀ ਗ਼ਮ, ਨਿਰਾਸ਼ਾ, ਪੀੜ, ਹਿਜਰ ਅਤੇ ਸੋਗ ਤੋਂ ਹੁੰਦਾ ਹੈ। ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਉਸ ਦੀ ਪਹਿਲੀ ਆਵਾਜ਼ ਵਿਲਕਣੀ ਹੁੰਦੀ ਹੈ। ਪਰ ਇਸ ਦੇ ਨਾਲ ਆਸਾ, ਹੁਲਾਸ, ਪਿਆਰ ਅਤੇ ਖ਼ੁਸ਼ੀਆਂ ਖੇੜੇ ਵੀ ਜ਼ਿੰਦਗੀ ਵਿਚ ਪਲਮਦੇ ਹਨ। ਬਿਰਹਾ ਦਾ ਇਹ ਸੁਲਤਾਨ ਸ਼ਾਇਰ ਵੀ ਆਪਣਾ ਕਾਵਿ ਸਫ਼ਰ ਪੀੜ ਤੋਂ ਸ਼ੁਰੂ ਕਰਦਾ ਹੈ। ਸ਼ਿਵ ਦਾ ਪਹਿਲਾ ਕਾਵਿ ਸੰਗ੍ਰਹਿ ਪੀੜਾਂ ਦਾ ਪਰਾਗਾ 1960 ਵਿਚ ਆਉਂਦਾ ਹੈ। ਉਸ ਦੀ ਇਸ ਕਾਵਿ ਧੁਨੀ ਕਾਰਨ ਉਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਇਕ ਬੌਧਿਕ ਕਵੀ ਨਹੀ ਹੈ ਉਹ ਨਿਰਾਸ਼ਾਵਾਦੀ ਹੈ। ਪਰੰਤੂ-

> ਸ਼ਿਵ ਮੁੱਖ ਤੌਰ ’ਤੇ ਬਿਰਹਾ ਦਾ, ਵਿਯੋਗ ਦਾ, ਦਰਦ ਪੀੜਾਂ ਦਾ, ਰੂਪ ਜਵਾਨੀ ਦਾ, ਰਹੱਸ ਤੇ ਰੁਮਾਂਸ ਦਾ ਅਤੇ ਇਸਤਰੀ ਦੇ ਪੱਖ ਪੂਰਨ ਵਾਲਾ ਕਵੀ ਹੈ ਉਹ ਆਪਣੇ ਆਪ ਨੂੰ ਤੀਬਰ ਭਾਵੀ ਕਵੀ ਕਹਿੰਦਾ ਹੈ ਉਹ ਲਿਖਦਾ (ਮੇਰੇ ਨਿੰਦਕ) ਹੈ ਮੈਂ ਕੀਟਸ ਜਾਂ ਸ਼ੈਲੇ ਜਾਂ ਸ਼ਾਹ ਹੁਸੈਨ ਨਹੀਂ ਬਣਨਾ ਚਾਹੁੰਦਾ। ਮੈਂ ਤਾਂ ਸ਼ਿਵ ਅਤੇ ਕੇਵਲ ਸ਼ਿਵ ਬਣਨਾ ਚਾਹੁੰਦਾ ਹਾਂ। ਤੇ ਵਾਸਤਵ ਵਿਚ ਸ਼ਿਵ ਹੈ ਵੀ ਸ਼ਿਵ ਹੀ।1

ਸ਼ਿਵ ਕੁਮਾਰ ਪੰਜਾਬੀ ਕਾਵਿ ਜਗਤ ਵਿਚ ਆਪਣੇ ਵੱਖਰੇ ਲਹਿਜੇ, ਦੁਖਾਂਤਕ ਅਨੁਭਵ ਅਤੇ ਰੁਮਾਂਟਿਕ ਸਿਰਜਣਾ ਲਈ ਮਸ਼ਹੂਰ ਹੈ। ਉਸ ਦੀ ਕਵਿਤਾ ਵਿਚ ਨਿੱਜੀ ਦਰਦ ਨੂੰ ਆਮ ਲੋਕਾਂ ਦੇ ਅਨੁਭਵ ਵਿਚ ਬਦਲਣ ਦੀ ਅਨੋਖੀ ਕਲਾ ਹੈ। ਜਦੋਂ ਅਸੀਂ ਉਸ ਦੀ ਕਵਿਤਾ ਦਾ ਅਧਿਐਨ ਰੂਸੀ ਰੂਪਵਾਦ ਦੇ ਨਜ਼ਰੀਏ ਤੋਂ ਕਰਦੇ ਹਾਂ ਤਾਂ ਅਸੀਂ ਉਸ ਦੀ ਸਿਰਫ ਕਾਵਿ ਭਾਵਨਾ ਜਾਂ ਅਰਥ ਵੱਲ ਹੀ ਧਿਆਨ ਨਹੀਂ ਦਿੰਦੇ ਸਗੋਂ ਇਸ ਗੱਲ ਉਪਰ ਕੇਂਦਰਤ ਰਹਿੰਦੇ ਹਾਂ ਕਿ ਕਿਵੇਂ ਸ਼ਿਵ ਕੁਮਾਰ ਦੀ ਕਾਵਿ-ਭਾਸ਼ਾ, ਰੂਪ ਵਿਧਾਨ, ਬਿੰਬ ਵਿਧਾਨ, ਸੰਰਚਨਾ ਤੇ ਸ਼ਬਦਾਵਲੀ ਦੁਆਰਾ ਸਾਡੀ ਜਾਣੀ ਪਛਾਣੀ ਵਸਤ ਕਿਵੇਂ ਨਵੇਕਲੀ ਅਤੇ ਅਜਨਬੀ ਲੱਗਣ ਲੱਗਦੀ ਹੈ। ਸ਼ਿਵ ਕੁਮਾਰ ਦੀ ਕਵਿਤਾ ਦਾ ਅਧਿਐਨ ਕਰਨ ਤੋਂ ਪਹਿਲਾਂ ਰੂਸੀ ਰੂਪਵਾਦ ਉਪਰ ਇਕ ਸਰਸਰੀ ਜਿਹੀ ਨਜ਼ਰ ਮਾਰ ਲੈਂਦੇ ਹਾਂ। ਰੂਸੀ ਰੂਪਵਾਦ ਇਕ ਸਾਹਿਤ ਦੇ ਅਧਿਐਨ ਲਈ ਰੂਸ ਵਿਚ ਪੈਦਾ ਹੋਇਆ ਸੰਕਲਪ ਹੈ। ਇਹ 1914-15 ਤੋਂ 1930 ਦੇ ਦੌਰਾਨ ਉਭਰਿਆ। ਰੂਸੀ ਰੂਪਵਾਦ ਦੇ ਪ੍ਰਮੁੱਖ ਚਿੰਤਕ ਵਿਕਟਰ ਸਕਲੋਵਸਕੀ, ਰੋਮਨ ਜੈਕਬਸਨ ਅਤੇ ਰੋਰਿਸ ਈਖਨਬਾਮ ਸਨ। ਇਸ ਸਾਹਿਤਕ ਸੰਕਲਪ ਸੰਰਚਨਾਵਾਦ, ਨਵ-ਅਮਰੀਕੀ ਅਲੋਚਨਾ ਅਤੇ ਸ਼ੈਲੀ ਵਿਗਿਆਨ ਤੱਕ ਫੈਲਿਆ ਹੋਇਆ ਹੈ। ਇਨ੍ਹਾਂ ਦਾ ਮੰਨਣਾ ਸੀ ਕਿ ਕਿਸੇ ਸਾਹਿਤਕ ਰਚਨਾ ਦੀ ਮੁੱਢਲੀ ਵਿਸ਼ੇਸ਼ਤਾ ਉਸ ਦੀ ਸਾਹਿਤਕਤਾ ਹੁੰਦੀ ਹੈ। ਸਾਹਿਤਕਤਾ ਰਚਨਾ ਵਿਚ ਸਿਰਜੀ ਗਈ ਭਾਸ਼ਾ ਸਹਾਰੇ ਨਿਖਰਦੀ ਹੈ। ਇਹ ਭਾਸ਼ਾ ਆਮ ਭਾਸ਼ਾ ਤੋਂ ਵੱਖਰੀ ਹੁੰਦੀ ਹੈ।

> “ਰੂਸੀ ਰੂਪਵਾਦ ਅਤੇ ਨਵ-ਅਮਰੀਕੀ ਅਲੋਚਨਾ ਵਿਚ ਵਿਕਟਰ ਸ਼ਕਲੋਵਸਕੀ ਦਾ ਅਜਨਬੀਕਰਨ', ਰੋਮਨ ਜੈਕਬਸਨ ਦਾ ਵਸਤੂ ਮੂਲਕ ਭਾਸ਼ਾ ਅਤੇ ਪਰਾ-ਭਾਸ਼ਾ ਦਾ ਨਿਖੇੜਾ, ਬਣਤਰ ਅਤੇ ਬੁਣਤਰ ਅਤੇ ਐਲਨ ਟੇਟ ਦਾ ਕਾਵਿਕ ਤਣਾਓ ਆਦਿ ਸੰਕਲਪ ਮੁੱਖ ਰੂਪ ਵਿਚ ਸਾਹਿਤ ਦੀ ਸਾਹਿਤਕਤਾ ਨੂੰ ਨਿਰੋਲ ਪ੍ਰਗਟਾਅ ਜੁਗਤਾਂ ਤੱਤ ਮੰਨਣ ਲਈ ਸਿਧਾਂਤਕ ਚੋਖਟਾ ਉਸਾਰਦੇ ਹਨ।”2

ਰੂਸੀ ਰੂਪਵਾਦੀਆਂ ਨੇ ਸਾਹਿਤ ਦੀ ਸਾਹਿਤਕਤਾ ਦੀ ਪਰਖ ਲਈ ਕਈ ਤਰ੍ਹਾਂ ਦੀਆਂ ਵਿਧੀਆਂ ਦੀ ਵਰਤੋਂ ਕੀਤੀ। ਇਨ੍ਹਾਂ ਵਿਚੋਂ ਅਜਨਬੀਕਰਨ ਇਕ ਹੈ ਜੋ ਸਾਹਿਤਕ ਰਚਨਾ ਦੇ ਅਨੋਖੀ ਅਤੇ ਨਵੀਂ ਸਿਰਜਣਾ ਹੋਣ ਦਾ ਭਰਮ ਨਾਲ ਸੰਬੰਧਿਤ ਹੈ। ਰੂਸੀ ਰੂਪਵਾਦੀ ਸਾਹਿਤ ਦੀ ਭਾਸ਼ਾ ਦੇ ਅਧਿਐਨ ਵੱਲ ਅਗਰਸਰ ਹੁੰਦੇ ਹਨ।

> “ਉਨ੍ਹਾਂ ਦਾ ਬੁਨਿਆਦੀ ਨਿਖੇੜਾ ਇਹ ਸੀ ਕਿ ਵਿਹਾਰਕ ਭਾਸ਼ਾ ਸੰਚਾਰ ਸਾਧਕ ਦਾ ਕੰਮ ਕਰਦੀ ਹੈ, ਉਸ ਦਾ ਸੁਤੰਤਰ ਮੁੱਲ ਕੋਈ ਨਹੀਂ ਹੁੰਦਾ। ਕਾਵਿ-ਭਾਸ਼ਾ ਵਿਚ ਸੰਚਾਰਕ ਅਤੇ ਵਿਹਾਰਕ ਪ੍ਰਯੋਜਨ ਵੀ ਸ਼ਾਮਿਲ ਹੁੰਦਾ ਹੈ ਪਰ ਪਿੱਠ ਭੂਮੀ ਵਿਚ ਚਲਾ ਜਾਂਦਾ ਹੈ ਅਤੇ ਭਾਸ਼ਕ ਰੂਪ ਵਿਧੀਆਂ ਦਾ ਆਪਣਾ ਮੁੱਲ ਉਭਰ ਕੇ ਅਗਾਂਹ ਆ ਜਾਂਦਾ ਹੈ।”3

ਸ਼ਿਵ ਕੁਮਾਰ ਦੀ ਕਵਿਤਾ ਵਿਚਲੀ ਕਾਵਿ-ਭਾਸ਼ਾ ਸਧਾਰਨ ਦਾ ਨਵ-ਸਿਰਜਣ ਕਰਦੀ ਹੈ। ਇਹ ਆਮ ਭਾਸ਼ਾ ਤੋਂ ਵੱਖਰੀ ਹੈ। ਸ਼ਿਵ ਕੁਮਾਰ ਰੋਜ਼-ਮਰ੍ਹਾ ਦੇ ਸ਼ਬਦਾਂ ਅਜਿਹੇ ਸੰਦੇਸ਼ ਅਤੇ ਰੂਪ ਵਿਚ ਵਰਤਦਾ ਹੈ ਕਿ ਪੜ੍ਹਨ ਵਾਲੇ ਨੂੰ ਉਹ ਸਹਿਜ ਨਹੀਂ ਲੱਗਦੇ, ਸਗੋਂ ਧੁਰ ਅੰਦਰ ਤੱਕ ਧੂਹ ਪਾਉਂਦੇ ਹਨ। ਉਹ ਆਪਣੇ ਕਵਿਤਾ ਰਾਹੀਂ ਨਿੱਕੇ-ਨਿੱਕੇ ਅਨੁਭਵ, ਛਿਣ ਅਤੇ ਸਥਿਤੀਆਂ ਨੂੰ ਇਕ ਵੱਡੇ ਕੈਨਵਸ ਉਪਰ ਫੈਲਾ ਦਿੰਦਾ ਹੈ। ਇਸ ਸਿਰਜਣ ਪ੍ਰਕਿਰਿਆ ਕਾਰਨ ਸਹਿਜ ਸਧਾਰਨ ਸਥਿਤੀ ਜਾਂ ਅਨੁਭਵ ਅਸਧਾਰਨ ਅਤੇ ਅਨੋਖਾ ਪ੍ਰਤੀਤ ਹੁੰਦਾ ਹੈ।

“ਹੁਣੇ ਤਾਂ ਅੰਬਰ ਖਿੜ ਖਿੜ ਹੱਸਿਆ

ਹੁਣੇ ਤਾਂ ਨੈਣੀ ਹੰਝ ਭਰ ਆਏ

ਹੁਣੇ ਦਾਮਨੀ ਗਲ ਦਾ ਗਹਿਣਾ

ਹੁਣੇ ਤਾਂ ਸਪਨੀ ਵਾਂਗ ਡਰਾਏ

ਹੁਣੇ ਤਾਂ ਜੰਗਲ ਮੋਰ ਬੋਲਿਆ

ਹੁਣੇ ਤਾਂ ਰੱਖ ਵਿਚ ਰੋਣ ਬੰਬੀਹੇ

ਹੁਣੇ ਝਲਾਰੀ ਦਾਦਰ ਹੱਸੇ

ਹੁਣੇ ਤਾਂ ਕੋਇਲ ਪਈ ਕੁਰਲਾਏ"4

ਇਥੇ ਕਵੀ ਇਕੋ ਵੇਲੇ ਪ੍ਰਕਿਰਤੀ ਅਤੇ ਸੱਭਿਆਚਾਰ ਨਾਲ ਸਾਂਝ ਪਾਉਂਦੇ ਹੋਏ ਲੂਣਾ ਦੀ ਮਾਨਸਿਕ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਇਹ ਕਵਿਤਾ ਹੀ ਪਰਤ ਹੇਠ ਲੁਕਿਆ ਅਰਥ ਹੈ। ਉਪਰੀ ਨਜ਼ਰੇ ਇਹ ਬਿੰਬ ਸਿਰਜਣ ਦੀ ਮਦਦ ਨਾਲ ਵਸਤਾਂ ਦਾ ਅਜਨਬੀਕਰਨ ਕੀਤਾ ਗਿਆ ਹੈ। ਸ਼ਿਵ ਦੀ ਕਾਵਿ-ਭਾਸ਼ਾ ਸਥੂਲ ਦੀ ਥਾਂ ਸੂਖਮ ਪੱਧਰ ਉਪਰ ਵਿਚਰਦੀ ਹੈ। ਉਸ ਦੀ ਕਵਿਤਾ ਵਿਚ ਉਪਮਾਵਾਂ ਅਤੇ ਰੂਪਕਾਂ ਦੀ ਬਹੁਤਾਂਤ ਹੈ। ਇਹ ਸਾਰੇ ਰੂਪਕ ਸਾਹਿਤ ਦੇ ਖੇਤਰ ਵਿਚ ਨਵੀਨ, ਪੇਂਡੂ ਵਾਤਾਵਰਣ ਅਤੇ ਪ੍ਰਕਿਰਤੀ ਦੇ ਖ਼ਜ਼ਾਨੇ ਵਿਚੋਂ ਲਏ ਗਏ ਹਨ। ਰੂਸੀ ਰੂਪਵਾਦੀ ਚਿੰਤਕ ਵੀ ਕਵਿਤਾ ਵਿਚ ਵਰਤੇ ਗਏ ਰੂਪਕ, ਬਿੰਬ, ਉਪਮਾਵਾਂ ਅਤੇ ਸਥਿਤੀ ਜਾਂ ਵਸਤਾਂ ਦਾ ਅਜਨਬੀਕਰਨ ਕਰਨ ਦੀ ਪ੍ਰਕਿਰਿਆ ਰਚਨਾ ਨੂੰ ਉੱਤਮ ਬਣਾਉਂਦੇ ਹਨ। ਜੀਤ ਸਿੰਘ ਸੀਤਲ ਆਟੇ ਦੀਆਂ ਚਿੜੀਆਂ ਕਾਵਿ ਸੰਗ੍ਰਹਿ ਦੀ ਭੂਮਿਕਾ ਵਿਚ ਕਹਿੰਦਾ ਹੈ-

"ਕੁਝ ਕੁ ਰੂਪਕਾਂ ਦੇ ਮੁਖ ਪੁਰ ਅੰਤਾਂ ਦਾ ਰੂਪ ਚੜ੍ਹਦਾ ਵੇਖੋ, ਜਿਹੜੇ ਦਿਨ ਦੀ ਰੌਸ਼ਨੀ ਅਤੇ ਪੁੰਨਿਆ ਦੀ ਚਾਨਣੀ ਨੂੰ ਫਿੱਕਾ ਪਾ ਦਿੰਦੇ ਹਨ। ਅਜਿਹੇ ਰੂਪਕਾਂ ਦੀ ਗਿਣਤੀ ਸ਼ਿਵ ਦੇ ਸਾਰੇ ਕਾਵਿ-ਸੰਗ੍ਰਹਿਆਂ ਵਿਚ, ਜਿਵੇਂ ਸਾਗਰ ਦੇ ਕੰਢੇ ਅਨੇਕਾਂ ਰੰਗ ਬਰੰਗੇ ਗੀਟੇ ਖਿਲਰੇ ਪਏ ਹੋਣ, ਜਾਂ ਕਿਧਰੇ ਅੰਨੇਰੀ ਰਾਤ ਵਿਚ ਅਣਗਿਣਤ ਜੁਗਨੂੰ ਕਾਲਖ ਨੂੰ ਮਜਾਖਾਂ ਕਰ ਰਹੇ ਹੋਣ।"5

ਸ਼ਿਵ ਕੁਮਾਰ ਦੀ ਕਵਿਤਾ ਵਰਤਾਰਿਆਂ ਦੀ ਸਿੱਧਾ ਸਪਾਟ ਵਰਣਨ ਬਣਨ ਦੀ ਥਾਂ ਭਾਵਨਾਤਮਕ ਸੰਕਲਪਾਂ ਦਾ ਰੂਪ ਧਾਰਦੀ ਹੈ। ਇਹੀ ਕਾਰਨ ਹੈ ਕਿ ਸ਼ਿਵ ਕੁਮਾਰ ਦੀ ਭਾਸ਼ਾ ਪ੍ਰਗੀਤਕ ਹੈ, ਬਿਰਤਾਂਤਕ ਨਹੀਂ ਕਿਉਂਕਿ ਬਿਰਤਾਂਤ ਘਟਨਾ ਅਧਾਰਿਤ ਹੁੰਦਾ ਹੈ ਅਤੇ ਪ੍ਰਗੀਤ ਭਾਵ ਅਧਾਰਿਤ। ਭਾਵ ਕਵਿਤਾ ਨੂੰ ਸ਼ਾਬਦਿਕ ਫੈਲਾਉ ਦਿੰਦਾ ਹੈ।

"ਸਈਏ ਨੀ,

ਸੁਣ ਮੇਰੀਏ ਸਈਏ

ਅੱਗ ਦੀ ਪੀੜ

ਪਛਾਣੇ ਕਿਹੜਾ?

ਅੱਗ ਦੇ ਦੁੱਖ ਨੂੰ ਜਾਣੇ ਕਿਹੜਾ ?

ਸਈਏ ਜਦ ਵੀ

ਅੱਗ ਜੰਮਦੀ ਹੈ

ਅੱਗ ਅੰਬੜੀ ਰੋ ਪੈਂਦੀ ਹੈ

ਹਰ ਅੰਬੜੀ ਦੀ,

ਕੁੱਖ ਵਿਚ ਸਈਏ ਪੁੱਤਰ ਦੀ ਖ਼ੁਸ਼ਬੋ ਰਹਿੰਦੀ ਹੈ

ਅੱਗ ਜੰਮੇ,

ਤਾਂ ਦੁੱਧ ਸੁੱਕ ਜਾਂਦਾ

ਵਿਚ ਕਲੇਜੇ ਖੋਹ ਪੈਂਦੀ ਹੈ।"6

ਸ਼ਿਵ ਦੀ ਕਾਵਿ-ਭਾਸ਼ਾ ਅਤਿ-ਸੰਵੇਦਨਸ਼ੀਲ ਹੈ। ਇਹ ਸੰਵੇਦਨਾਸ਼ੀਲਤਾ ਉਸ ਦੀ ਕਾਵਿ-ਭਾਸ਼ਾ ਨੂੰ ਸੁਹਜਾਤਮਕ ਬਣਾਉਂਦੀ ਹੈ। ਉਸ ਦੀਆਂ ਕਵਿਤਾਵਾਂ ਤਿੱਤਲੀਆਂ, ਸ਼ਿਕਰਾ, ਕੰਡਿਆਲੀ ਥੋਰ, ਮਿਰਚਾਂ ਦੇ ਪੱਤਰ ਅਤੇ ਬਿਰਹੜਾ ਆਦਿ ਵੱਖਰੇ-ਵੱਖਰੇ ਪ੍ਰਸੰਗ ਵਿਚ ਸ਼ਿਵ ਦੀ ਸੰਵੇਦਨਾਸ਼ੀਲਤਾ ਮੁਜ਼ਾਹਰਾ ਕਰਦੀਆਂ ਹਨ। ਕਵਿਤਾ ਵਿਚ ਸ਼ਬਦ ਚੋਣ ਅਤੇ ਧੁਨੀ ਸੰਰਚਨਾ ਅਰਥ ਦੇ ਪ੍ਰਭਾਵ ਨੂੰ ਗਹਿਰਾ ਕਰ ਦਿੰਦੀ ਹੈ। ਸ਼ਿਵ ਕੁਮਾਰ ਦੀ ਸ਼ਬਦ ਚੋਣ ਸਾਦੀ ਪਰ ਸੰਰਚਨਾ ਅਨੋਖੀ ਹੈ ਜਿਸ ਕਾਰਨ ਉਸ ਦੀ ਕਵਿਤਾ ਸਰੋਤਿਆਂ ਅਤੇ ਪਾਠਕਾਂ ਨੂੰ ਆਪਣੇ ਵੱਲ ਅਕਰਸ਼ਿਤ ਕਰਦੀ ਹੈ। ਇਸ ਅਨੋਖੀ ਜੜਤ ਕਾਰਨ ਬਲਵੰਤ ਗਾਰਗੀ ਸ਼ਿਵ ਕੁਮਾਰ ਨੂੰ ਕੌਡੀਆਂ ਵਾਲਾ ਸੱਪ ਕਹਿੰਦਾ ਹੈ। ਉਸ ਦੇ ਅਨੁਸਾਰ ਜਦ ਸ਼ਿਵ ਸਟੇਜ ਉਪਰ ਆਪਣੀ ਕਵਿਤਾ ਸੁਣਾਉਣ ਆਉਂਦਾ ਸੀ ਤਾਂ ਸਰੋਤਿਆਂ ਵਿਚ ਇੰਝ ਚੁੱਪ ਪਸਰ ਜਾਂਦੀ ਸੀ ਜਿਵੇਂ ਸਾਰਿਆਂ ਸੱਪ ਸੁੰਘ ਗਿਆ ਹੋਵੇ।

ਸ਼ਿਵ ਕੁਮਾਰ ਦੀ ਕਵਿਤਾ ਵਿਚ ਸ਼ਬਦਾਂ ਦਾ ਨਵ-ਸਿਰਜਣ ਵੀ ਦੇਖਿਆ ਜਾ ਸਕਦਾ ਹੈ। ਉਸ ਨੇ ਆਪਣੀ ਕਵਿਤਾ ਵਿਚ ਲੈਅ ਨੂੰ ਬਰਕਰਾਰ ਰੱਖਣ ਲਈ ਸ਼ਬਦਾਂ ਵਿਚ ਵਿਅੰਜਨਾ ਅਤੇ ਸਵਾਰਾਂ ਦਾ ਵਾਧਾ ਕੀਤਾ ਹੈ ਜਿਸ ਨਾਲ ਉਹ ਸ਼ਬਦ ਹੋਰ ਵੀ ਦਿਲਕਸ਼ ਅਤੇ ਅਜਨਬੀ ਹੋ ਗਏ। ਇਸ ਨਾਲ ਸ਼ਿਵ ਦੀ ਕਵਿਤਾ ਅਤੇ ਗੀਤ ਹਰ ਜ਼ੁਬਾਨ ਉਪਰ ਨੱਚਣ ਲੱਗੇ।

"ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ
ਉੱਗੀ ਵਿਚ ਉਜਾੜਾਂ
ਜਾਂ ਉੱਡਦੀ ਬਦਲੋਟੀ ਕੋਈ,
ਵਰ੍ਹ ਗਈ ਵਿਚ ਪਹਾੜਾਂ"7

"ਤੇ ਉਹ ਚੋਗ ਚੁਗੀਂਦਾ ਆਇਆ
ਨੀ ਮੈਂ ਵਾਰੀ ਜਾਂ !"8

ਉਪਰੋਕਤ ਦੋਹਾਂ ਉਦਾਹਰਣਾਂ ਵਿਚ ਆਏ ਸ਼ਬਦ ਬਦਲੋਟੀ ਅਤੇ ਚੁਗੀਂਦਾ ਸ਼ਬਦਾਂ ਵਿਚ ਸਵਰਾਂ ਅਤੇ ਵਿਅੰਜਨਾ ਦਾ ਵਾਧਾ ਕੀਤਾ ਗਿਆ ਹੈ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਸ਼ਬਦ ਹਨ। ਉਪਰੋਕਤ ਪਹਿਲੀ ਉਦਾਹਰਣ ਵਿਚ ਸ਼ਿਵ ਵੱਲੋਂ ਅਨੋਖੀ ਬਿੰਬ ਉਸਾਰੀ ਕੀਤੀ ਗਈ ਹੈ। ਆਪਣੀ ਬਿਰਹਾ ਮਾਰੀ ਜਿੰਦ ਨੂੰ ਥੋਹਰ ਨਾਲ ਤੁਲਨਾ ਕਰਦਾ ਹੈ। ਸ਼ਿਵ ਕੁਮਾਰ ਦੀ ਕਵਿਤਾ ਨਵੇਂ ਬਿੰਬਾਂ, ਪ੍ਰਤੀਕਾਂ, ਅਲੰਕਾਰਾਂ ਅਤੇ ਤਸਵੀਹਾਂ ਦੀ ਖਾਨ ਹੈ। ਹਰ ਇਕ ਕਵਿਤਾ ਵਿਚਲੇ ਬਿੰਬ, ਪ੍ਰਤੀਕ ਅਤੇ ਅਲੰਕਾਰ ਕੀਮਤੀ ਹੀਰੇ ਵਾਂਗ ਚਮਕਦੇ ਹਨ। ਉਹ ਆਪਣੇ ਇਕ ਕਵਿਤਾ ਵਿਚ ਇਕ ਪ੍ਰੇਮੀ ਦਾ ਆਪਣੇ ਮਹਿਬੂਬ ਦੇ ਸ਼ਹਿਰ ਜਾਣਾ ਅਤੇ ਉਥੇ ਜਾ ਕੇ ਦਿਲ ਵਿਚ ਉੱਠੀ ਪੀੜ ਨੂੰ ਪੋਹਲੀ ਦੇ ਕੰਡਿਆਂ ਦੇ ਦਰਦ ਨਾਲ ਉਪਮਾ ਦਿੰਦਾ ਹੈ।

"ਅਜ ਅਸੀਂ
ਤੇਰੇ ਸ਼ਹਿਰ ਹਾਂ ਆਏ !
ਤੇਰਾ ਸ਼ਹਿਰ, ਜਿਉਂ ਖੇਤ ਪੋਹਲੀ ਦਾ"9

ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ ਵਿੱਚੋਂ ਰੂਸੀ ਰੂਪਵਾਦ ਦੇ ਸਿਧਾਂਤਾਂ ਨੂੰ ਬਾਖ਼ੂਬੀ ਲੱਭਿਆ ਜਾ ਸਕਦਾ ਹੈ। ਉਹ ਆਪਣੀ ਕਵਿਤਾ ਵਿਚ ਰੁਮਾਂਸ ਅਤੇ ਬਿਰਹਾ ਨੂੰ ਵਿਅਕਤੀਗਤ ਅਤੇ ਸਮੂਹਿਕ ਰੂਪ ਵਿਚ ਪੇਸ਼ ਕਰਦਾ ਹੈ। ਪਾਠਕ ਉਸ ਦੀ ਕਵਿਤਾ ਨੂੰ ਪੜ੍ਹਦਾ, ਸੁਣਦਾ ਹੀ ਨਹੀਂ ਸਗੋਂ ਆਪਣੀ ਹੋਣੀ ਵਾਂਗ ਮਹਿਸੂਸ ਕਰਦਾ ਹੈ। ਸ਼ਿਵ ਨੇ ਦੁੱਖ, ਪ੍ਰੇਮ, ਵਿਛੋੜੇ ਅਤੇ ਅਸਥਿਰ ਜੀਵਨ ਦੀ ਸੰਵੇਦਨਾ ਨੂੰ ਨਿਰਾਲੀ ਕਾਵਿ-ਭਾਸ਼ਾ ਰਾਹੀਂ ਬਿਆਨ ਕੀਤਾ ਹੈ। ਉਸ ਦੀ ਕਵਿਤਾ ਭਾਵਾਂ ਦੀ ਲੜੀ ਹੀ ਨਹੀਂ ਕਲਾ ਦੇ ਇਕ ਨਵੇਂ ਰੂਪ ਦੀ ਸਿਰਜਣਾ ਵੀ ਹੈ। ਇਹ ਨਵਾਂ ਰੂਪ ਪਾਠਕ ਨੂੰ ਰੂਪਕ, ਧੁਨੀ, ਸੰਰਚਨਾ ਅਤੇ ਅਜਨਬੀਕਰਨ ਰਾਹੀਂ ਸਹਿਜ ਪਾਠ ਤੋਂ ਦੂਰ ਲੈ ਜਾਂਦਾ ਹੈ।

## REFERENCES

ਜੀਤ ਸਿੰਘ, ਸੀਤਲ, ਸ਼ਿਵ ਕੁਮਾਰ ਬਟਾਲਵੀ ਜੀਵਨ ਤੇ ਰਚਨਾ, ਪੰਨਾ-45

ਗੁਰਪਾਲ ਸਿੰਘ ਸੰਧੂ, 'ਸਮਕਾਲੀ ਪੰਜਾਬੀ ਆਲੋਚਨਾ ਦੇ ਸਿਧਾਂਤਕ ਆਧਾਰ', ਪੰਜਾਬੀ ਆਲੋਚਨਾ (ਸਰੂਪ ਅਤੇ ਸੰਭਾਵਨਾਵਾਂ), ਡਾ. ਸਤਿਨਾਮ ਸਿੰਘ ਸੰਧੂ (ਸੰਪਾ.), ਪੰਨਾ 92

ਡਾ. ਹਰਭਜਨ ਸਿੰਘ, ਰਚਨਾ ਸੰਰਚਨਾ, ਪੰਨਾ-3

ਸ਼ਿਵ ਕੁਮਾਰ, ਸ਼ਿਵ ਕੁਮਾਰ-ਸਮੁੱਚੀ ਕਵਿਤਾ, ਪੰਨਾ-429

ਉਹੀ, ਆਟੇ ਦੀਆਂ ਚਿੜੀਆਂ, ਪੰਨਾ-20

ਸ਼ਿਵ ਕੁਮਾਰ, ਸ਼ਿਵ ਕੁਮਾਰ-ਸਮੁੱਚੀ ਕਵਿਤਾ, ਪੰਨਾ-398

ਉਹੀ, ਪੰਨਾ-31

ਉਹੀ, ਪੰਨਾ-224

ਸ਼ਿਵ ਕੁਮਾਰ, ਆਟੇ ਦੀਆਂ ਚਿੜੀਆਂ, ਪੰਨਾ-38